ਸਫ਼ਾ 1 ਦੀਆਂ ਬਾਕੀਆਂ

ਇਹ ਸਿਰਫ਼ ਦਾਗ਼ੀ ਬਿਲਡਰਾਂ ਨੂੰ ਸਹੂਲਤ ਦੇ ਰਿਹੈ

ਸ਼ਿਮਲਾ ਸ਼ਹਿਰ ਵਿਚ ਚੰਡੜ-ਝੜੌਕੋ ਘੁੱਟਾਉਣ ਲਈ ਲਿਆਂ ਗਿਆ ਸੀ ਅਤੇ ਇਹ ਸਿਰਫ਼ ਪਸ਼ਾਸਕੀ ਕਾਰਨਾਂ 'ਤੇ ਅਧਾਰਤ ਸੀ। ਉਤਰਦਾਤਾ ਵਲੋਂ ਪੇਸ਼ ਹੋਏ ਇਕ ਵਕੀਲ ਨੇ ਕਿਹਾ ਕਿ ਅਥਾਰਟੀ ਦੁਆਰਾ ਸੰਭਾਲੇ ਜਾਣ ਵਾਲੇ 90 ਪ੍ਰਤੀਸ਼ਤ ਪ੍ਰਾਜੈਕਟ ਸ਼ਿਮਲਾ, ਸੋਲਨ, ਪਰਵਾਣੂ ਅਤੇ ਸਿਰਮੌਰ ਵਿਚ ਹਨ, ਜੋ ਕਿਤੇ ਤੋਂ ਵੱਧ 40 ਕਿਲੋਮੀਟਰ ਦੇ ਘੇਰੇ ਵਿਚ ਆਉਂਦੇ ਹਨ। ਉਨ੍ਹਾਂ ਕਿਹਾ ਕਿ ਰੋਰਾ ਦੇ ਸਾਹਮਣੇ ਲੰਬਿਤ ਲਗਭਗ 92 ਪ੍ਰਤੀਸ਼ਤ ਪ੍ਰਾਜੈਕਟਾਂ ਇਨ੍ਹਾਂ ਜ਼ਿਲ੍ਹਿਆਂ ਤੋਂ ਹਨ, ਅਤੇ ਧਰਮਸ਼ਾਲਾ ਵਿਚ ਸਿਰਫ਼ 20 ਪ੍ਰਾਜੈਕਟ ਹਨ। (ਏਜੰਸੀ)

ਭਗਵੰਤ ਮਾਨ ਨੇ ਸ਼ਿਕਾਇਤਾਂ ਦਾ ਮੋਕੇ ਉਤੇ ਕੀਤਾ ਨਬੇੜਾ

ਪੂਰੀ ਇਮਾਨਦਾਰੀ ਅਤੇ ਜਵਾਬਦੇਹੀ ਨਾਲ ਲੋਕਾਂ ਦੀ ਹਰ ਸਮੱਸਿਆ ਹੱਲ ਕਰਨ ਲਈ ਵਚਨਬੱਧ ਹੈ, ਮੁੱਖ ਮੰਤਰੀ ਮਾਨ ਨੇ ਕਿਹਾ ਕਿ ਲੋਕ ਮਿਲਣੀ ਪ੍ਰੋਗਰਾਮ ਸਰਕਾਰ ਅਤੇ ਜਨਤਾ ਦਰਮਿਆਨ ਇਕ ਢਾਂਚਾਗਤ ਪੁਲ ਵਜੋਂ ਕੰਮ ਕਰਦਿਆਂ ਜਵਾਬਦੇਹ ਅਤੇ ਪਾਰਦਰਸ਼ੀ ਸ਼ਾਸਨ ਨੂੰ ਯਕੀਨੀ ਬਣਾਉਂਦਾ ਹੈ ਜਿਸ ਨੂੰ ਅੱਗੇ ਵੀ ਇਸੇ ਤਰ੍ਹਾਂ ਜਾਰੀ ਰਖਿਆ ਜਾਵੇਗਾ। ਇਸ ਪਹਿਲਕਦਮੀ ਨੂੰ ਪੰਜਾਬ ਲਈ ਮਾਣ ਵਾਲੀ ਗੱਲ ਦਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਪੰਜਾਬ ਇਕਲੌਤਾ ਸੂਬਾ ਹੈ ਜਿਥੇ ਰਾਜ ਦਾ ਮੁਖੀ ਜਨਤਾ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਅਜਿਹੀ ਮੁਹਿਮ ਵਿਚ ਨਿਜੀ ਤੌਰ 'ਤੇ ਸ਼ਾਮਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿਥੇ ਲੋਕ ਮਿਲਣੀ ਇਕ ਪਾਸੇ ਰਾਜ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਂਦੀ ਹੈ ਉਥੇ ਇਹ ਦੂਜੇ ਪਾਸੇ ਸਰਕਾਰ ਨੂੰ ਅਪਣੇ ਅਧਿਕਾਰੀਆਂ ਦੀ ਕਾਰਗੁਜ਼ਾਰੀ ਬਾਰੇ ਚੰਗੀ ਤਰ੍ਹਾਂ ਜਾਣਨ ਦਾ ਮੌਕਾ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਪੂਰੇ ਦੇਸ਼ ਵਿਚ ਅਪਣੀ ਕਿਸਮ ਦਾ ਪਹਿਲਾ ਪ੍ਰੋਗਰਾਮ ਹੈ ਕਿਉਂਕਿ ਕਿਸੇ ਵੀ ਹੋਰ ਰਾਜ ਦਾ ਮੁੱਖ ਮੰਤਰੀ ਲੋਕਾਂ ਨਾਲ ਨਿਜੀ ਤੌਰ 'ਤੇ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਜਾਣਨ ਅਤੇ ਇਨ੍ਹਾਂ ਦੇ ਹੱਲ ਦੀ ਖੋਜ ਨਹੀਂ ਕਰਦਾ। ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿ ਇਹ ਪਹਿਲ ਪੰਖਪਾਤੀ ਵਿਚਾਰਾਂ ਤੋਂ ਕਿਤੇ ਉਪਰ ਦੀ ਗੱਲ ਹੈ, ਮਾਨ ਨੇ ਕਿਹਾ ਕਿ ਲੋਕ ਮਿਲਣੀਆਂ ਦਾ ਸਾਰਾ ਸਿਹਰਾ ਸਾਰੇ ਅਫ਼ਸਰਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਇਸ ਨੂੰ ਸਫ਼ਲ ਬਣਾਇਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਇਕੋ-ਇਕ ਉਦੇਸ਼ ਸੂਬੇ ਅਤੇ ਇਥੋਂ ਦੇ ਲੋਕਾਂ ਦੇ ਵਿਕਾਸ ਅਤੇ ਖ਼ੁਸ਼ਹਾਲੀ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਲੋਕ ਮਿਲਣੀਆਂ ਇਕੋ ਪਲੇਟਫਾਰਮ 'ਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦਾ ਸੌਖ ਤੋਂ ਵਧੀਆ ਜ਼ਰੀਆ ਹਨ ਕਿਉਂਕਿ ਇਹ ਸਰਕਾਰ ਅਤੇ ਜਨਤਾ ਵਿਚਕਾਰ ਸੰਚਾਰ ਦੇ ਪਾਜ਼ੇ ਨੂੰ ਪੁਰਦਿਆਂ ਲੋਕਤੰਤਰੀ ਢਾਂਚੇ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਦਾ ਬਿਹਤਰੀਨ ਢੰਗ ਹੈ।

ਟਰੇਡ ਯੂਨੀਅਨਾਂ ਦੇ ਭਾਰਤ ਬੰਦ ਦਾ ਰਲਵਾਂ-ਮਿਲਵਾਂ ਰਿਹਾ ਅਸਰ

ਦਾ ਰਲਵਾਂ-ਮਿਲਵਾਂ ਪ੍ਰਭਾਵ ਪਿਆ। 12 ਘੰਟੇ ਚੱਲੇ ਇਸ ਵਿਆਪੀ ਵਿਰੋਧ ਪ੍ਰਦਰਸ਼ਨ ਕਾਰਨ ਓਡੀਸ਼ਾ ਵਿਚ ਅਮਨ ਜਨਸੀਵਨ ਪ੍ਰਭਾਵਤ ਹੋਇਆ। ਰਾਜਦਰੀ ਅਤੇ ਰਾਜ ਮਾਰਗਾਂ ਸਮੇਤ ਮੁੱਖ ਸੜਕਾਂ ਨੂੰ ਰੋਕ ਦिਤਾ ਗਿਆ, ਜਿਸ ਨਾਲ ਜਨਤਕ ਆਵਾਜਾਈ, ਬਾਜ਼ਾਰ, ਵਿਦਿਅਕ ਸੰਸਥਾਵਾਂ ਅਤੇ ਵਪਾਰਕ ਅਦਾਰੇ ਪ੍ਰਭਾਵਤ ਹੋਏ। ਹੜਤਾਲ ਦਾ ਪ੍ਰਭਾਵ ਭੁਵਨੇਸ਼ਵਰ, ਕਟਕ, ਬਾਲਾਸੋਰ, ਸਰਹਪਪੁਰ ਅਤੇ ਸੰਬਲਪੁਰ ਸਮੇਤ ਸਾਰੇ ਪ੍ਰਮੁੱਖ ਸ਼ਹਿਰੀ ਖੇਤਰਾਂ ਵਿਚ ਮਹਿਸੂਸ ਕੀਤਾ ਗਿਆ। ਕਈ ਥਾਵਾਂ ਤੇ ਝਾਰਖੰਡ ਦੇ ਬੋਕੇਰੋ, ਬੋਮਾਂ ਅਤੇ ਕੋਲਾ ਸੈਕਟਰਾਂ ਨੂੰ ਪ੍ਰਭਾਵਤ ਕੀਤਾ। ਖੱਬੇ-ਪੱਖੀ ਪਾਰਟੀਆਂ ਅਤੇ ਕਾਂਗਰਸ ਨੇ ਕੀ ਹੜਤਾਲ ਦਾ ਸਮਰਥਨ ਕੀਤਾ। ਇਸੇ ਤਰ੍ਹਾਂ ਛੱਤੀਸਗੜ੍ਹ ਵਿਚ ਕਈ ਰਾਸ਼ਟਰੀਕ੍ਰਿਤ ਬੈਂਕ ਬੰਦ ਰਹੇ ਕਿਉਂਕਿ ਕਰਮਚਾਰੀ ਹੜਤਾਲ ਵਿਚ ਸ਼ਾਮਲ ਹੋਏ। ਮਜ਼ਦੂਰਾਂ ਅਤੇ ਕਿਸਾਨਾਂ ਦੇ ਨਾਲ-ਨਾਲ ਬੀਮਾ ਕੰਪਨੀਆਂ ਅਤੇ ਡਾਕਘਰਾਂ ਦੇ ਕਰਮਚਾਰੀਆਂ ਨੇ ਵੀ ਅੰਦੋਲਨ ਵਿਚ ਹਿੱਸਾ ਲਿਆ, ਜਿਸ ਨਾਲ ਸਥਿਰ ਖੇਤਰਾਂ ਵਿਚ ਕੰਮਕਾਜ ਵਿਚ ਵਿਘਨ ਪਿਆ। ਹਾਲਾਂਕਿ, ਆਵਾਜਾਈ ਸੇਵਾਵਾਂ ਆਮ ਰਹੀਆਂ, ਅਤੇ ਦੁਕਾਨਾਂ, ਬਾਜ਼ਾਰ ਅਤੇ ਜ਼ਿਮਾਦਾਰਤਰ ਵਪਾਰਕ ਅਦਾਰੇ ਖੁਲ੍ਹੇ ਰਹੇ। ਕੇਰਲਾ ਵਿਚ, ਰਾਜ ਸਰਕਾਰ ਨੇ ਸਰਕਾਰੀ ਕਰਮਚਾਰੀਆਂ ਲਈ 'ਇਨ ਛੁੱਟੀ' ਦਾ ਐਲਾਨ ਕੀਤਾ। ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਦੇਸ਼ ਵਿਆਪੀ ਹੜਤਾਲ ਦਾ ਸਮਰਥਨ ਕੀਤਾ। ਪਛਮੀ ਬੰਗਾਲ ਵਿਚ ਹੜਤਾਲ ਦੇ ਸੱਦੇ ਦਾ ਕੋਈ ਖਾਸ ਪ੍ਰਭਾਵ ਨਹੀਂ ਪਿਆ। ਸਾਂਝੇ ਮੰਚ ਨੇ ਦਾਅਵਾ ਕੀਤਾ ਕਿ ਨਵੇਂ ਕਿਰਤ ਕਾਨੂੰਨਾਂ ਦੇ ਵਿਰੋਧ ਵਿਚ 30 ਕਰੋੜ ਮਜ਼ਦੂਰਾਂ ਨੇ 'ਆਮ ਹੜਤਾਲ' ਲਈ ਲਾਮਬੰਦ ਕੀਤਾ ਜਾ ਰਿਹਾ ਹੈ। (ਏਜੰਸੀ)

ਗ੍ਰਹਿ ਮੰਤਰਾਲੇ ਕੋਲ ਘੁਸਪੈਠੀਆਂ ਦਾ ਕੋਈ ਡਾਟਾ ਹੀ ਨਹੀਂ

(ਕੌਮੀਅਤ ਅਨੁਸਾਰ) ਬਾਰੇ ਦੇਸ਼-ਵਾਰ ਜਾਣਕਾਰੀ ਵੀ ਮੰਗੀ ਗਈ ਸੀ। 23 ਜਨਵਰੀ 2026 ਦੇ ਅਪਣੇ ਜਵਾਬ ਵਿਚ ਗ੍ਰਹਿ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਉਸ ਕੋਲ ਦੇਸ਼ ਵਿਚ ਘੁਸਪੈਠੀਆਂ ਦੀ ਪਛਾਣ, ਗ੍ਰਿਫ਼ਤਾਰੀ ਜਾਂ ਦੇਸ਼ ਨਿਕਾਲੇ ਨਾਲ ਸਬੰਧਤ ਕੋਈ ਕੇਂਦਰੀ ਤੌਰ 'ਤੇ ਉਪਲਬਧ ਡਾਟਾ ਨਹੀਂ ਹੈ। ਇਸ ਦਾ ਮਤਲਬ ਮੰਤਰਾਲੇ ਨੇ ਖੁਦ ਮੰਨਿਆ ਹੈ ਕੇਂਦਰ ਸਰਕਾਰ ਕੋਲ ਅਜਿਹਾ ਡਾਟਾ ਨਹੀਂ ਹੈ ਅਤੇ ਉਹ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਿਚ ਅਸਮਰੱਥ ਹੈ ਕਿ ਭਾਰਤ ਵਿਚ ਕਿੰਨੇ ਘੁਸਪੈਠੀਆਂ ਨੂੰ ਫੜਿਆ ਗਿਆ, ਕਿੰਨੇ ਨੂੰ ਦੇਸ਼ ਨਿਕਾਲਾ ਦਿਤਾ ਗਿਆ ਅਤੇ ਉਹ ਕਿਸ ਦੇਸ਼ ਦੇ ਨਾਗਰਿਕ ਸਨ। ਇਹ ਜਵਾਬ ਅਜਿਹੇ ਸਮੇਂ ਆਇਆ ਹੈ ਜਦੋਂ ਅਮਿਤ ਸ਼ਾਹ ਨੇ ਵਾਰ-ਵਾਰ ਅਸਾਮ ਵਿਚ ਹੀ ਨਹੀਂ ਸਗੋਂ ਦੇਸ਼ ਦੇ ਹੋਰ ਹਿੱਸਿਆਂ ਵਿਚ ਵੀ ਵੱਡੀ ਗਿਣਤੀ ਵਿਚ 'ਘੁਸਪੈਠੀਆਂ' ਦਾ ਤਾ ਹੋਣ ਦਾ ਦਾਵਾ ਕੀਤਾ ਹੈ। ਆਰਟੀਆਈ ਜਵਾਬ ਇਹ ਸਵਾਲ ਉਠਾਉਂਦਾ ਹੈ ਕਿ ਜਦੋਂ ਗ੍ਰਹਿ ਮੰਤਰਾਲੇ ਕੋਲ ਘੁਸਪੈਠ ਬਾਰੇ ਕੋਈ ਅਧਿਕਾਰਤ ਡਾਟਾ ਨਹੀਂ ਹੈ ਤਾਂ ਚੋਣ ਪਲੇਟਫਾਰਮਾਂ ਤੋਂ ਲੌਖਾ ਘੁਸਪੈਠੀਆਂ ਦੇ ਅੰਕੜੇ ਕਿਸ ਆਧਾਰ 'ਤੇ ਨਿਰਧਾਰਤ ਕੀਤੇ ਜਾ ਰਹੇ ਹਨ? ਗ੍ਰਹਿ ਮੰਤਰਾਲੇ ਦੇ ਦਾਅਵੇ ਕਿ ਗ੍ਰਹਿ ਮੰਤਰਾਲੇ ਅੰਕੜੇ ਨਹੀਂ ਰੱਖਦਾ, 'ਤੇ ਸਮਾਜਕ ਕਾਰਕੁਨ ਅਨੋਜ ਕੁਮਾਰ ਮੇਹਰ ਨੇ ਇਸ ਨੂੰ 'ਬਹੁਤ ਹੀ ਅਜੀਬ' ਕਿਹਾ। ਉਨ੍ਹਾਂ ਘੁਸਪੈਠੀਏ ਸ਼ਬਦ ਦੀ ਵਰਤੋਂ 'ਤੇ ਵੀ ਸਵਾਲ ਉਠਾਇਆ। ਉਨ੍ਹਾਂ ਅਨੁਸਾਰ ਭਾਰਤੀ ਕਾਨੂੰਨ ਵਿਚ ਘੁਸਪੈਠੀਏ ਦੀ ਕੋਈ ਸਪੱਸ਼ਟ ਪਰਿਭਾਸ਼ਾ ਨਹੀਂ ਹੈ। ਭਾਰਤ ਨੇ ਸ਼ਰਨਾਰਥੀ ਕਨਵੈਂਸ਼ਨ 'ਤੇ ਦਸਤਖ਼ਤ ਨਹੀਂ ਕੀਤੇ ਹਨ। ਇਸ ਲਈ ਕਾਨੂੰਨੀ ਤੌਰ 'ਤੇ, ਸਿਰਫ ਦੋ ਸ਼ੋਣੀਆਂ ਹਨ: ਇਕ ਵਿਆਕਤੀ ਜਾਂ ਤਾਂ ਭਾਰਤੀ ਨਾਗਰਿਕ ਹੈ ਜਾਂ ਵਿਦੇਸ਼ੀ। ਵਿਦੇਸ਼ੀਆਂ ਵਿਚ ਵੀ ਕੋਈ ਵਿਅਕਤੀ ਜਾਂ ਤਾਂ ਦਸਤਾਵੇਜ਼ਾਂ ਦੇ ਨਾਲ ਜਾਂ ਬਿਨਾਂ ਦਸਤਾਵੇਜ਼ਾਂ ਦੇ ਹੋ ਸਕਦਾ ਹੈ। ਪਰ ਦਸਤਾਵੇਜ਼ਾਂ ਤੋਂ ਬਿਨਾਂ ਵਿਦੇਸ਼ੀ ਹੋਣਾ ਅਤੇ ਘੁਸਪੈਠੀਏ ਹੋਣਾ ਦੋ ਵੱਖ-ਵੱਖ ਚੀਜ਼ਾਂ ਹਨ।

ਸਫ਼ਾ 3 ਦੀ ਬਾਕੀ

'ਆਪ੍ਰੇਸ਼ਨ ਲੋਟਸ' ਤਹਿਤ ਭਾਜਪਾ ਨੇ ਦਿਤੀ ਵੱਡੀ ਪੇਸ਼ਕਸ਼

ਭਾਜਪਾ ਪੂਰੇ ਦੇਸ਼ ਵਿਚੋਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਡੇਗਣ ਲਈ 'ਆਪਰੇਸ਼ਨ ਲੋਟਸ' ਚਲਾ ਰਹੀ ਹੈ। ਭਰਾਜ ਨੇ ਕੋਈ ਕਿਹਾ ਕਿ ਮੈਂ ਭਾਜਪਾ ਦੀ ਪੇਸ਼ਕਸ਼ ਪ੍ਰਵਾਨ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਉਹ 2014 ਵਿਚ ਮਹਿਜ਼ 19 ਸਾਲ ਦੀ ਉਮਰ ਵਿਚ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਪਾਰਟੀ ਨਾਲ ਜੁੜੀ ਸਨ। ਉਨ੍ਹਾਂ ਕਿਹਾ ਕਿ ਉਹ ਵਰਕਰ ਹਾਂ ਜਿਨ੍ਹਾਂ ਨੇ ਪਾਰਟੀ ਲਈ ਪੋਸਟਰ ਲਾਏ ਹਨ। ਇਕ ਛੋਟੇ ਜਿਹੇ ਕਿਸਾਨ ਦੀ ਧੀ ਹੋਣ ਦੇ 27 ਸਾਲ ਦੀ ਉਮਰ ਵਿਚ ਵਿਧਾਇਕ ਬਣਾਉਣ ਦਾ ਮਾਣ ਸਿਰਫ਼ ਆਮ ਆਦਮੀ ਹੀ ਦੇ ਸਕਦੀ ਹੈ। ਹਰਿਆਣਾ ਦੇ ਮੁੱਖ ਮੰਤਰੀ 'ਤੇ ਸਿੱਧਾ ਹਮਲਾ ਕਰਦਿਆਂ ਭਰਾਜ ਨੇ ਕਿਹਾ ਕਿ ਸੈਣੀ ਸਾਹਿਬ ਸਿਰ ਤਰ੍ਹਾਂ ਅੱਜਕਲ ਪੰਜਾਬ ਦੀਆਂ ਗਲੀਆਂ ਵਿਚ ਘੁੰਮ ਰਹੇ ਹਨ, ਲਗਦਾ ਹੈ ਭਾਜਪਾ ਨੇ ਉਨ੍ਹਾਂ ਨੂੰ ਡੈਪੂਟੇਸ਼ਨ 'ਤੇ ਪੰਜਾਬ ਭੇਜ ਦਿਤਾ ਹੈ। ਮੇਰੀ ਉਨ੍ਹਾਂ ਨੂੰ ਸਲਾਹ ਹੈ ਕਿ ਉਹ ਮੇਰੀ ਫਿਕਰ ਛੱਡ ਕੇ ਅਪਣੇ ਹਰਿਆਣੇ ਦੀ ਫਿਕਰ ਕਰਨ। ਪੰਜਾਬ ਦੇ ਲੋਕ ਅਤੇ 'ਆਪ' ਦੇ ਵਿਧਾਇਕ ਚੌਟਾਲਾ ਵਾਂਗ ਮਾਨ ਸਾਹਿਬ ਅਤੇ ਕੇਜਰੀਵਾਲ ਨਾਲ ਖੜ੍ਹੇ ਹਨ। ਇਸ ਮੌਕੇ ਲਲਤੇਸ਼ ਪੂਨੂ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਭਾਰਤੀ ਜਨਤਾ ਪਾਰਟੀ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਭਾਜਪਾ ਪੰਜਾਬ ਵਿਚ ਫਿਰ ਤੋਂ 'ਆਪਰੇਸ਼ਨ ਲੋਟਸ' ਰਾਹੀਂ ਲੋਕਤੰਤਰ ਦਾ ਘਾਣ ਕਰਨ ਦੀ ਨਾਕਾਮ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਭਾਜਪਾ ਨੇ ਸਾਡੇ ਵਿਧਾਇਕਾਂ ਨੂੰ ਖ਼ਰੀਦਣ ਦੀ ਕੋਸ਼ਿਸ਼ ਕੀਤੀ ਹੋਵੇ, ਪਰ ਉਹ ਇਕ ਇਕ ਇਕ ਇਕ ਜਾਂਦੇ ਹਨ ਕਿ ਪੰਜਾਬੀ ਅਪਣੀ ਅਣਖ ਲਈ ਜਾਣੇ ਜਾਂਦੇ ਹਨ, ਵਿਕਣ ਲਈ ਨਹੀਂ। ਪੂਨੂ ਨੇ ਨਾਇਬ ਸੈਣੀ ਨੂੰ ਕਰਡੇ ਹੋਕੀਆਂ ਕਿਹਾ ਕਿ ਸੈਣੀ ਸਾਹਿਬ ਅਪਣਾ 'ਹਰਿਆਣਾ ਮਾਡਲ' ਉਥੇ ਹੀ ਰੱਖਣ ਜਿਥੇ ਜਨਤਾ ਮਹਿਗੀ ਬਿਜਲੀ ਨਾਲ ਪਸ਼ ਰਹੀ ਹੈ। ਪੰਜਾਬ ਵਿਚ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦਾ ਮਾਡਲ ਚਲ ਰਿਹਾ ਹੈ, ਜਿਥੇ ਮੁਫ਼ਤ ਬਿਜਲੀ ਤੇ ਐਸਐਮਐਸ ਵਰਗੀਆਂ ਸਹੂਲਤਾਂ ਹਨ।

ਵਿਕਰਾ ਸਪੋਕਸਮੈਨ
ਕਲਾਸੀਫ਼ਾਈਡ
CLASSIFIED

ਬੇਦਖਲੀ ਸੂਚਨਾ

• ਮੈਂ ਕੁਲਵੰਤ ਸਿਘ ਪੁੱਤਰ ਹੰਸਰਾਜ ਵਾਸੀ ਪਿੰਡ ਤੇਦਾਬੱਧਰ ਕਲਾਂ, ਤਹਿਸੀਲ ਅਮਲੋਹ, ਜਿਲ੍ਹਾ ਫਤਿਹਗੜ੍ਹ ਸਾਹਿਬ ਆਪਣੀ ਲੜਕੀ ਜਸਵਿੰਦਰ ਕੌਰ (ਸ਼ਾਦੀਸ਼ੁਦਾ) ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਜੋ ਮਿਤੀ ਕਹਿਣੇ ਵਿਚ ਨਹੀਂ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਗੁਰ-ਅਵਲਾਣ ਉਪ-ਮੰਡਲ
ਮੈਜਿਸਟਰੇਟ-ਕਾਨਾਗਾਇਕ-ਕੁਲੈਕਟਰ
ਦਰਜਾ ਪਹਿਲਾ ਮੋਰਿੰਡਾ
ਨੋਟਿਸ ਇਸ਼ਤਿਹਾਰ

ਕੇਸ - ਖਾਤਰੀ ਵਸੀਅਤ
ਕੇਸ - ਦਾਰਾਚੂਰਮ, ਤਹਿਸੀਲ ਮੋਰਿੰਡਾ, ਜਿਲ੍ਹਾ ਰੂਪਨਗਰ
ਕੇਸਕਰਤਾ: ਪਰਮਜੀ ਵਸੀਅਤ ਮਿਤੀ 16-02-2025
ਕਰੀ ਇਕਰਾਰ ਇੰਦਰਜੀਤ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਪਿੰਡ ਦਾਰਾਚੂਰਮ ਤਹਿਸੀਲ ਮੋਰਿੰਡਾ ਜਿਲ੍ਹਾ ਰੂਪਨਗਰ ਨੇਸ਼ਰ 1341 ਪਿੰਡ ਦਾਰਾਚੂਰਮ ਤਹਿਸੀਲ ਮੋਰਿੰਡਾ ਜਿਲ੍ਹਾ ਰੂਪਨਗਰ ਵਸਤਾਵੇਜ਼ ਰਜਿਸਟਰੀ ਕਰਵਾ ਸਾਥੀਓ।
ਉਕਤ ਖਾਤਰੀ ਵਸੀਅਤ ਮਿਤੀ 16-02-2025 ਦੇ ਆਧਾਰ ਤੇ ਚਲਣ ਹੇਠਾਂ ਇੰਤਕਾਲ ਨੇਸ਼ਰ 1341 ਪਿੰਡ ਦਾਰਾਚੂਰਮ ਤਹਿਸੀਲ ਮੋਰਿੰਡਾ ਜਿਲ੍ਹਾ ਰੂਪਨਗਰ ਇੰਦਰਜੀਤ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਪਿੰਡ ਦਾਰਾਚੂਰਮ ਤਹਿਸੀਲ ਮੋਰਿੰਡਾ ਜਿਲ੍ਹਾ ਰੂਪਨਗਰ ਦੇ ਨਾਮ ਮਨਜੂਰ ਕਰਨ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਸੈਕਰ ਕਿਸੇ ਅਮਲ ਤਾਂ ਬਾਅਦ ਹੋ ਕਿਸਮ ਦਾ ਇਤਰਾਜ਼ ਹੋਵੇ ਤਾਂ ਉਹ ਇਹ ਇਤਰਾਜ਼ ਅਸਲ ਦਾ ਸਬੂਤ ਲੈ ਕੇ ਇਸ ਦਫ਼ਤਰ ਵਿਖੇ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਕਿਸੇ ਕਿਸਮ ਦਾ ਇਤਰਾਜ਼ ਨਹੀਂ ਸੁਣਿਆ ਜਾਵੇਗਾ।
ਅੱਜ ਮਿਤੀ 11-02-2026 ਨੂੰ ਮੇਰੇ ਹਸਤਾਖਰਾਂ ਤੇ ਜਿਹਰ ਹੇਠ ਨੋਟਿਸ ਜਾਰੀ ਕੀਤਾ ਗਿਆ।
ਮਿਤੀ - 78/ ਪੋਹ ਉਪ ਮੰਡਲ ਮੈਜਿਸਟ੍ਰੇਟ-ਕਾਨਾਗਾਇਕ
ਨੋਟ ਕੇਸ ਹੇਠ ਨੋਟਿਸ ਜਾਰੀ ਕੀਤਾ ਗਿਆ ਹੈ। ਦਰਜਾ ਪਹਿਲਾ ਮੋਰਿੰਡਾ

PEGASUS
ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ
55-56, ਸੀਜੀ ਬਿਲਡਿੰਗ, ਫੇਜ਼ II ਐਕਸਟੈਂਸ਼ਨ, ਮੋਹਾਲੀ (ਪੰਜਾਬ) 160059, ਸਥਾਨ ਦਫ਼ਤਰ ਪਲਾਟ ਨੰ. 3, ਸੈਕਟਰ 18, ਪੰਚਕੂਲਾ (ਹਰਿਆਣਾ) 134109
Email: sys@pegasus-arc.com, URL: www.pegasus-arc.com

ਕਰੋਜ਼ਿੰਮਾ
ਅਸੀਂ ਈ-ਨੀਲਾਮੀ ਵਾਲਾਂ 07.02.2026 ਨੂੰ ਸਿਕਯੋਰ ਸੋਲੋਜ਼ਾਸ (ਅੰਗਰੇਜ਼ੀ) ਅਤੇ ਡੋਕਾਨਾ ਸਰਮਾਇਆ (ਪੰਜਾਬੀ) ਵਿਚ ਪ੍ਰਕਾਸ਼ਿਤ ਵਿਕਰੀ ਲਈ ਜਨਤਕ ਨੋਟਿਸ ਦਾ ਹਵਾਲਾ ਦਿੰਦੇ ਹਾਂ, ਜੋ ਕਿ ਕਰਜ਼ਦਾਰ/ਗਿਰਵੀਕਰਤਾ/ਕਰਜ਼ਦਾਰ ਨਾਲ ਸਬੰਧਤ ਹੈ। 1. ਪਿਆਲਾਨਾਲ ਐਕਟ ਕੰਪਨੀ (ਕਰਜ਼ਦਾਰ), 2. ਕੀ ਕਾਰਜ ਕਰਾਨ (ਗਿਰਵੀਕਰਤਾ ਅਤੇ ਕਾਰਜਦਾਰ), 3. ਕੀਪਤੀ ਆਸਤਾ ਕਰੀ (ਗਿਰਵੀਕਰਤਾ/ਕਰਜ਼ਦਾਰ/ਗਿਰਵੀਕਰਤਾ), 4. ਕੀਪਤੀ ਰਾਜ ਕਰਾਣੀ (ਗਿਰਵੀਕਰਤਾ/ਗਿਰਵੀਕਰਤਾ/ਕਰਜ਼ਦਾਰ) ਉਕਤ ਨੋਟਿਸ ਵਿਚ, ਬੈਲੀ ਪੋਰਟਲ ਦਾ ਨਾਮ ਅਤੇ ਸਥਾਨ ਅਟਲਾਂਟੋ ਵਿਚ https://www.foreclosuresindia.com, https://bankauction.in ਅਤੇ ਦਰਜਾਇਆ ਗਿਆ ਸੀ, ਜਿਸਨੂੰ https://SAFAESI.auctiontiger.net ਵਜੋਂ ਪੜ੍ਹਿਆ ਜਾਣਾ ਹੈ।
ਪਹਿਲਾਂ ਦੀ ਨਿਲਾਮੀ ਨੋਟਿਸ ਦੇ ਹੇਠ ਸਾਰੇ ਵੇਰਵੇ ਬਦਲੇ ਨਹੀਂ ਹੋਣਗੇ।
ਸਥਾਨ: ਕੋਟਾ,